**ਡਾਇਰੈਕਟੋਰੇਟ ਸਥਾਨਕ ਸਰਕਾਰ ਵਿਭਾਗ, ਪੰਜਾਬ**

**Directorate, Department of local Govt. Punjab.**

**Punjab Municipal Bhawan Plot No.3 Sector 35-A CHANDIGARH-160022**

**(ACCOUNT BRANCH)**

No.: ਲੇਖਾਕਾਰ-6-ਉਕਵਲ (507)-ਡਸਸ-2016/ 50502 - 668 Ph/Fax.: 0172-2661062

Date:.........10/10/16.......... Email ID. dcfalg35@gmail.com

ਸੇਵਾ ਵਿਖੇ,

1. ਸਮੂਹ ਕਮਿਸ਼ਨਰਜ,
   ਨਗਰ ਨਿਗਮ (ਪੰਜਾਬ ਰਾਜ ਵਿੱਚ)।

2. ਸਮੂਹ ਕਾਰਜ ਸਾਧਕ ਅਫਸਰ,
   ਨਗਰ ਕੌਂਸਲ / ਨਗਰ ਪੰਚਾਇਤ (ਪੰਜਾਬ ਰਾਜ ਵਿੱਚ)।

ਵਿਸ਼ਾ :- ਕੇਂਦਰ ਸਰਕਾਰ ਵੱਲੋਂ ਜਾਰੀ 14ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਦੀ ਵਰਤੋਂ ਸਬੰਧੀ ਗਾਈਡਲਾਈਨਜ਼ ਜਾਰੀ ਕਰਨ ਬਾਰੇ।

---

ਹਵਾਲਾ :- ਇਸ ਦਫ਼ਤਰ ਦੇ ਪੱਤਰ ਨੰ: ਲੇਖਾਕਾਰ-3-ਉਕਵਲ-ਡਸਸ-15/30959-31129 ਮਿਤੀ : 29.07.15, ਲੇਖਾਕਾਰ-6-ਉਕਵਲ-(507)-ਡਸਸ-15/54224-397 ਮਿਤੀ 28.12.15, 14820-14985 ਮਿਤੀ 04.04.16 ਅਤੇ ਲੇਖਾਕਾਰ-6-ਉਕਵਲ-(507)-ਡਸਸ-15/33915-34080 ਮਿਤੀ 18.07.16 ਦੇ ਸਬੰਧ ਵਿੱਚ।

ਵਿਸ਼ੇ ਵਰਣਿਤ ਮਾਮਲੇ ਸਬੰਧੀ।

2. ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਵਾਲੇ ਅਧੀਨ ਪੱਤਰਾਂ ਰਾਹੀਂ ਵਿਸ਼ੇ ਸਬੰਧੀ ਪ੍ਰਾਪਤ ਹੋਈ ਗਰਾਂਟ ਦੀ ਵਰਤੋਂ ਕਰਨ ਸਬੰਧੀ ਵਿਸਥਾਰ ਪੂਰਵਕ ਹਦਾਇਤਾਂ ਕੀਤੀਆਂ ਗਈਆਂ ਸਨ ਪਰੰਤੂ ਫਿਰ ਵੀ ਨਗਰ ਕੌਂਸਲ, ਧਨੌਲਾ ਵੱਲੋਂ ਕੇਂਦਰ ਸਰਕਾਰ ਵੱਲੋਂ ਜਾਰੀ ਹਦਾਇਤਾਂ (ਪੱਤਰ ਨੰ:13(32)FFC/FCD/2015-16) ਮਿਤੀ 08-10-2015 ਦੀ ਪਾਲਣਾ ਨਾ ਕਰਦੇ ਹੋਏ, ਵਿਸੇ ਸਬੰਧੀ ਵਿਭਾਗ ਵੱਲੋਂ ਜਾਰੀ ਕੀਤੀ ਗਰਾਂਟ ਦੀ ਵਰਤੋਂ ਵਿਕਾਸ ਦੇ ਕੰਮਾਂ ਤੇ ਨਾ ਕਰਦੇ ਹੋਏ ਤਨਖਾਹਾਂ, ਮੈਡੀਕਲ ਰਿਬਰਸਮੈਂਟ ਅਤੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਆਦਿ ਲਈ ਕਰ ਦਿੱਤੀ ਗਈ ਸੀ। ਇਸ ਦੁਰਵਰਤੋਂ ਸਬੰਧੀ ਕਿਸੇ ਵਿਅਕਤੀ ਵੱਲੋਂ ਸਿਕਾਇਤ ਕਰਨ ਤੇ ਭਾਰਤ ਸਰਕਾਰ ਵੱਲੋਂ ਪੰਜਾਬ ਰਾਜ ਦੀ ਸਾਲ 2016-17 ਦੀ ਜਨਰਲ ਬੇਸਿਕ ਗਰਾਂਟ ਦੀ ਪਹਿਲੀ ਕਿਸਤ, ਜੋ ਕਿ ਜੂਨ, 2016 ਵਿੱਚ ਡਿਊ ਸੀ, ਨੂੰ ਰੋਕ ਲਿਆ ਗਿਆ ਸੀ। ਨਗਰ ਕੌਂਸਲ, ਧਨੌਲਾ ਵੱਲੋਂ ਮਿੱਥੇ ਗਏ ਮੰਤਵਾਂ ਦੀ ਜਗ੍ਹਾ ਤੇ ਕਿਸੇ ਹੋਰ ਮੰਤਵਾਂ ਲਈ ਵਰਤੀ ਗਈ ਗਰਾਂਟ ਭਾਰਤ ਸਰਕਾਰ ਦੀਆਂ ਗਾਈਡਲਾਈਨਜ ਅਨੁਸਾਰ ਮਿੱਥੇ ਮੰਤਵਾਂ ਲਈ ਵਰਤਣ ਲਈ ਰਿਕੂਪ ਕਰਵਾ ਕੇ ਵਿਭਾਗ ਵੱਲੋਂ ਕੇਸ ਦੀ ਪੜਤਾਲ ਕਰਨ ਉਪਰੰਤ ਭਾਰਤ ਸਰਕਾਰ ਨੂੰ ਇਹ ਭਰੋਸਾ ਦਵਾਉਣ ਤੇ ਕਿ ਭਵਿੱਖ ਵਿੱਚ ਅਜਿਹੀ ਅਣਗਹਿਲੀ ਨਹੀਂ ਹੋਣ ਦਿੱਤੀ ਜਾਵੇਗੀ, ਦੇ ਉਪਰੰਤ ਹੀ ਹੁਣ ਭਾਰਤ ਸਰਕਾਰ ਵੱਲੋਂ ਸਤੰਬਰ, 2016 ਵਿੱਚ ਇਹ ਗਰਾਂਟ ਰਾਜ ਸਰਕਾਰ ਨੂੰ ਜਾਰੀ ਕੀਤੀ ਗਈ ਹੈ।

3. ਉਕਤ ਦੇ ਸਨਮੁੱਖ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ 14ਵੇਂ ਵਿੱਤ ਕਮਿਸਨ ਦੀ ਗਰਾਂਟ ਦੀ ਵਰਤੋਂ ਕੇਵਲ ਵਿਭਾਗ ਵੱਲੋਂ ਜਾਰੀ ਕੀਤੀਆਂ ਗਾਈਡਲਾਈਨਜ਼ ਅਨੁਸਾਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਆਪ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਮੁੜ ਅਜਿਹਾ ਕੋਈ ਗਰਾਂਟ ਦੀ ਡਾਇਵਰਸਨ ਦਾ ਕੇਸ ਵਿਭਾਗ ਦੇ ਨੋਟਿਸ ਵਿੱਚ ਆਉਂਦਾ ਹੈ ਤਾਂ ਉਸ ਸੂਰਤ ਵਿੱਚ ਸਬੰਧਤ ਕਮਿਸਨਰ/ ਉਪ-ਕੰਟਰੋਲਰ (ਵਿੱਤ ਤੇ ਲੇਖਾ), ਨਗਰ ਨਿਗਮ ਅਤੇ ਸਬੰਧਤ ਕਾਰਜ਼ ਸਾਧਕ ਅਫਸਰ / ਲੇਖਾਕਾਰ, ਨਗਰ ਕੌਂਸਲ / ਨਗਰ ਪੰਚਾਇਤ ਨਿੱਜੀ ਤੌਰ ਤੇ ਜਿੰਮੇਵਾਰ ਹੋਣਗੇ ਅਤੇ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਉਨਾਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਵੀ ਕੀਤੀ ਜਾਵੇਗੀ।

4. ਇਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਵਿਸੇਸ ਸਕੱਤਰ, ਸਥਾਨਕ ਸਰਕਾਰ, ਪੰਜਾਬ।